# .ਗਦਰੀਆਂ ਦੀ ਸਿਆਮ-ਬਰਮਾ ਮੁਹਿਮ ਦੇ ਪਹਿਲੇ ਸ਼ਹੀਦ — ਪੰਡਤ ਸੋਹਨ ਲਾਲ ਪਾਠਕ

ਮਲਵਿੰਦਰ ਜੀਤ ਸਿੰਘ ਵੜੈਚ

ਸ਼੍ਰੀ ਸੋਹਨ ਲਾਲ ਪਾਠਕ ਪੱਟੀ, ਜ਼ਿਲ੍ਹਾ ਅਮ੍ਰਿਤਸਰ ਵਿਚ ਇਕ ਗਰੀਬ ਘਰਾਨੇ 'ਚ ਪੰਡਿਤ ਚੰਦਾ ਰਾਮ ਜੀ ਦੇ ਘਰ ਐਤਵਾਰ ਵਾਲੇ ਦਿਨ 7 ਜਨਵਰੀ 1883 ਈ. ਨੂੰ 8 ਵਜ ਕੇ 23 ਮਿੰਟ 'ਤੇ ਪੈਦਾ ਹੋਏ। ਉਹ ਜਨਮ ਵੇਲੇ ਏਨੇ ਕਮਜ਼ੋਰ ਸਨ ਕਿ ਉਹਨਾਂ ਦੀ ਦਾਦੀ ਉਹਨਾਂ ਨੂੰ ਤੀਲੇ ਨਾਲ ਹਿਲਾਉਂਦੀ ਸੀ। ਤੇ ਡਰ ਕੇ ਪਿੱਛੇ ਹਟ ਜਾਂਦੀ ਸੀ।

ਅਠਵੀਂ ਪਾਸ ਕਰਕੇ ਉਹ ਕਸਬਾ ਪੱਟੀ ਦੇ ਨੇੜੇ ਨਹਿਰ ਦੇ ਮਹਿਕਮੇ 'ਚ ਛੇ ਰੁਪਏ ਮਹੀਨੇ 'ਤੇ ਬੇਲਦਾਰ ਲੱਗ ਗਏ। ਬਾਅਦ 'ਚ ਉਹ ਪ੍ਰਾਇਮਰੀ ਸਕੂਲ ਚਵਿੰਡਾ, ਜ਼ਿਲ੍ਹਾ ਅਮ੍ਰਿਤਸਰ 'ਚ ਛੇ ਰੁਪਏ ਮਹੀਨਾ 'ਤੇ ਉਪ ਅਧਿਆਪਕ ਲੱਗ ਗਏ। ਉਥੇ ਇਕ ਸਾਲ ਨੌਕਰੀ ਕਰਨ ਬਾਅਦ ਉਹ ਨਾਰਮਲ ਸਕੂਲ ਲਾਹੌਰ ਵਿਚ ਦਾਖਲ ਕਰ ਲਏ ਗਏ। 1901 ਈ. 'ਚ ਉਹਨਾਂ ਦਾ ਵਿਆਹ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ 'ਚ ਸ਼੍ਰੀਮਤੀ ਲਕਸ਼ਮੀ ਦੇਵੀ ਨਾਲ ਹੋਇਆ। ਉਹਨਾਂ ਦਿਨਾਂ ਵਿਚ ਵੱਖ-ਵੱਖ ਧਰਮਾਂ ਦੇ ਗਿਆਨੀਆਂ ਵਿਦਵਾਨਾਂ ਵਿਚਕਾਰ ਬੜੀਆਂ ਦਿਲਚਸਪ ਗੋਸ਼ਟੀਆਂ ਹੋਇਆ ਕਰਦੀਆਂ ਸਨ, ਤੇ ਸ਼੍ਰੀ ਸੋਹਨ ਲਾਲ ਹਰੇਕ ਗੋਸ਼ਟੀ 'ਚ ਸ਼ਾਮਲ ਹੋਇਆ ਕਰਦੇ ਸਨ। ਉਹਨਾਂ ਦਾ ਝੁਕਾਅ ਆਰੀਆ ਸਮਾਜ ਵੱਲ ਸੀ। ਨਾਰਮਲ ਦਾ ਨਤੀਜਾ ਨਿੱਕਲਣ 'ਤੇ ਉਹ ਅਜਨਾਲਾ, ਜ਼ਿਲ੍ਹਾ ਅਮ੍ਰਿਤਸਰ ਦੇ ਵਰਨੈਕੁਲਰ ਮਿਡਲ ਸਕੂਲ 'ਚ ਅੱਠ ਰੁਪਏ ਮਹੀਨੇ 'ਤੇ ਮਾਸਟਰ ਲੱਗ ਕੇ ਉਥੇ ਚਲੇ ਗਏ।

ਉਹਨਾਂ ਨੇ ਨਾਰਮਲ ਸਕੂਲ ਫਸਟ ਡਵੀਜ਼ਨ 'ਚ ਪਾਸ ਕੀਤਾ ਸੀ, ਏਸ ਲਈ ਉਹਨਾਂ ਨੂੰ ਟਰੇਨਿੰਗ ਕਾਲਜ ਲਾਹੌਰ ਦੀ ਸੀਨੀਅਰ ਵਰਨੈਕੁਲਰ ਕਲਾਸ ਵਿਚ ਦਸ ਰੁਪਏ ਮਹੀਨਾ ਵਜ਼ੀਫਾ ਦੇ ਕੇ ਬੁਲਾਇਆ ਗਿਆ ਸੀ। ਸੋਹਨ ਲਾਲ ਦੇ ਪ੍ਰੋਫੈਸਰ ਪੰਡਿਤ ਦਿਲਾ ਰਾਮ ਪਟਿਆਲਵੀ ਪੜ੍ਹਾਈ ਵੇਲੇ ਸਿਆਸੀ ਗੱਲਾਂ ਵੀ ਕਹਿ ਜਾਇਆ ਕਰਦੇ ਸਨ, ਜਿਸ ਨਾਲ ਅੰਗਰੇਜ਼ੀ ਰਾਜ ਦੇ ਵਿਰੁੱਧ ਦਿਲ ਗਰਮ ਹੋ ਜਾਇਆ ਕਰਦੇ ਸਨ। ਸਾਲ 1905 ਤੋਂ 1908 ਤਕ ਅਜਿਹੀਆਂ ਘਟਨਾਵਾਂ ਲਗਾਤਾਰ ਹੁੰਦੀਆਂ ਰਹੀਆਂ, ਜਿਨ੍ਹਾਂ ਨਾਲ ਦੇਸ ਦਾ ਮਾਹੌਲ ਧਾਰਮਕ ਦੀ ਥਾਂ ਸਿਆਸੀ ਬਣ ਗਿਆ।

ਜਦੋਂ ਲਾਲਾ ਲਾਜਪਤ ਰਾਏ ਜੀ ਇਹਨਾਂ ਸਾਰੀਆਂ ਘਟਨਾਵਾਂ ਦੇ ਬਾਰੇ ਭਾਸ਼ਣ ਦਿਆ ਕਰਦੇ ਸੀ ਤਾਂ ਸ਼੍ਰੀ ਸੋਹਨ ਲਾਲ ਇਕ ਖਾਸ ਕਿਸਮ ਦਾ ਪ੍ਰਭਾਵ ਪਿਆ ਕਰਦਾ ਸੀ।

ਬਾਅਦ 'ਚ ਸ਼੍ਰੀ ਸੋਹਨ ਲਾਲ ਲਾਲਾ ਲਾਜਪਤ ਰਾਏ ਦੇ ਅਸਰ ਹੇਠ ਡੀ.ਏ.ਵੀ. ਹਾਈ ਸਕੂਲ ਲਾਹੌਰ ਵਿਚ ਕਿੰਡਰਗਾਰਟਨ ਤੇ ਧਾਰਮਿਕ ਸਿੱਖਿਆ ਦੇ ਮਾਸਟਰ ਬਣ ਗਏ। ਤੇ ਉਹਨਾਂ ਦੇ ਸਾਥੀ ਸਰਦਾਰ ਗਿਆਨ ਸਿੰਘ ਜੀ ਗੁੱਜਰਾਂਵਾਲਾ ਹਾਈ ਸਕੂਲ 'ਚ ਮਾਸਟਰ ਲੱਗ ਗਏ। ਇਹਦੇ ਕੁਝ ਮਹੀਨਿਆਂ ਬਾਅਦ ਉਹ ਵੀ ਲਾਹੌਰ ਆ ਗਏ ਤੇ ਗਵਰਨਮੈਂਟ ਮਾਡਲ ਸਕੂਲ ਵਿਚ ਮਾਸਟਰ ਵਜੋਂ ਨੌਕਰੀ ਕਰ ਲਈ। 1907 ਈ. 'ਚ ਸ਼੍ਰੀ ਸੋਹਨ ਲਾਲ ਤੇ ਉਹਨਾਂ ਦੇ ਸਾਥੀ ਸਰਦਾਰ ਗਿਆਨ ਸਿੰਘ ਜੀ ਅਤੇ ਦੋ ਹੋਰ ਸਾਥੀਆਂ ਨੇ ਪ੍ਰਣ ਕੀਤਾ ਕਿ ਉਹ ਦੇਸ ਦੀ ਖਾਤਰ ਜਾਨ ਕੁਰਬਾਨ ਕਰ ਦੇਣਗੇ, ਤਾਂ ਜੋ ਦੇਸ ਦੇ ਲੋਕਾਂ ਦੇ ਮਨਾਂ ਤੋਂ ਮੌਤ ਦਾ ਡਰ ਉੱਡ ਜਾਵੇ, ਅਤੇ ਉਹ ਅੰਗਰੇਜ਼ਾਂ ਦੇ ਖਿਲਾਫ ਲੜ ਕੇ ਆਜ਼ਾਦ ਹੋ ਜਾਣ। ਏਥੋਂ ਸਰਦਾਰ ਗਿਆਨ ਸਿੰਘ ਜੀ ਨੇੜਲੇ ਆਜ਼ਾਦ ਮੁਲਕ ਸਿਆਮ (ਬੈਂਕਾਕ) ਚਲੇ ਗਏ। ਜਿੱਥੇ ਉਹਨਾਂ ਰੋਟੀ ਰੋਜ਼ੀ ਦੇ ਵਸੀਲੇ ਵਜੋਂ ਕੱਪੜੇ ਵੇਚਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ, ਪਰ ਉਹਨਾਂ ਦਾ ਅਸਲੀ ਮਕਸਦ ਅੰਗਰੇਜ਼ਾਂ ਦੇ ਖਿਲਾਫ ਬਗਾਵਤ ਕਰਨ ਦਾ ਮੌਕਾ ਲੱਭਣਾ ਸੀ, ਤੇ ਉਹਦਾ ਪ੍ਰਚਾਰ ਕਰਨਾ ਸੀ।

ਸੋਹਨ ਲਾਲ ਜੀ ਡੀ.ਏ.ਵੀ. ਹਾਈ ਸਕੂਲ ਵਿਚ ਇੱਕੋ ਰੁਪਏ ਮਹੀਨਾ 'ਤੇ ਨੌਕਰ ਹੋ ਗਏ। ਉਹਨਾਂ ਦਿਨਾਂ 1908 ਈ. ਨੂੰ ਲਾਲਾ ਹਰਦਿਆਲ ਜੀ ਐੱਮ. ਏ., ਲੰਡਨ ਤੋਂ ਵਾਪਸ ਲਾਹੌਰ ਆ ਗਏ। ਸੋਹਨ ਲਾਲ ਜੀ ਦਾ ਉਹਨਾਂ ਕੋਲ ਜਾਣਾ ਆਓਣਾ ਸ਼ੁਰੂ ਹੋ ਗਿਆ ਤੇ ਸੋਹਨ ਲਾਲ ਜੀ ਸਕੂਲ ਦੀ ਨੌਕਰੀ ਤੋਂ ਵਿਹਲੇ ਹੋ ਗਏ। ਲਾਲਾ ਹਰਦਿਆਲ ਜੀ ਦੇ ਖਿਆਲ ਦੇ ਅਨੁਸਾਰ ਉਹਨਾਂ ਨੇ ਅੰਗਰੇਜ਼ੀ ਦੀ ਪੜ੍ਹਾਈ ਜਾਰੀ ਰੱਖੀ ਜਿਸ ਨਾਲ ਉਹਨਾਂ ਦਾ ਅੰਗਰੇਜ਼ੀ ਦਾ ਗਿਆਨ ਚੰਗਾ ਹੋ ਗਿਆ ਸੀ। ਉਹਨਾਂ ਦਿਨਾਂ 'ਚ ਈ ਪਾਠਕ ਜੀ ਦੇ ਘਰ ਮੁੰਡਾ ਜੰਮਿਆ। ਪਰ ਅੱਠਵੇਂ ਦਿਨ ਉਹਨਾਂ ਦੀ ਧਰਮ ਪਤਨੀ ਬਿਮਾਰ ਹੋ ਗਈ; ਉਹ ਦੋ ਤਿੰਨ ਦਿਨ ਬਿਮਾਰ ਰਹਿ ਕੇ ਸਵਰਗਵਾਸ ਹੋ ਗਈਂ। ਉਹਨਾਂ ਦੇ ਗੁਜ਼ਰਨ ਦੇ ਇਕ ਹਫਤਾ ਬਾਅਦ ਮੁੰਡਾ ਵੀ ਪੂਰਾ ਹੋ ਗਿਆ, ਜਿਸ ਦਾ ਪਾਠਕ ਜੀ ਨੂੰ ਭਾਰੀ ਸਦਮਾ ਲੱਗਿਆ। ਪਰ ਨਾਲ ਈ ਏਸ ਗੱਲ ਦੀ ਤਸੱਲੀ ਵੀ ਹੋ ਗਈ ਕਿ ਉਹ ਹੁਣ ਪੂਰੀ ਤਰ੍ਹਾਂ ਆਜ਼ਾਦ ਨੇ ਤੇ ਦੇਸ ਭਗਤੀ ਦੀ ਲੜਾਈ ਵੱਧ ਸ਼ਕਤੀ ਨਾਲ ਲੜ ਸਕਣਗੇ।

ਉਹਨਾਂ ਦਿਨਾਂ 'ਚ ਈ ਲਾਲਾ ਲਾਜਪਤ ਰਾਏ ਨੇ ਮੁਜ਼ੰਗ (ਲਾਹੌਰ ਦੇ ਇਕ ਹਿੱਸੇ ਦਾ ਨਾਂ) 'ਚ ਦਯਾਨੰਦ ਬ੍ਰਹਮਚਾਰੀ ਆਸ਼੍ਰਮ ਖੋਲ੍ਹਿਆ; ਕਿਉਂਕਿ ਲਾਲਾ ਜੀ ਨੂੰ ਸੋਹਨ ਲਾਲ ਜੀ ਨਾਲ ਮੁਹੱਬਤ ਹੋ ਗਈ ਸੀ, ਏਸ ਲਈ ਉਹ ਪਹਿਲਾਂ ਤਾਂ ਉਹਨਾਂ ਨੂੰ ਲਾਇਬ੍ਰੇਰੀਅਨ ਰੱਖਣ ਵਾਲੇ ਸਨ, ਪਰ ਬਾਅਦ 'ਚ ਉਹਨਾਂ ਨੂੰ ਆਪਣੇ ਆਸ਼੍ਰਮ 'ਚ ਪੰਡਿਤ ਜੀ ਨੂੰ ਮਾਸਟਰ ਰੱਖ ਲਿਆ।

ਜਦ ਉਹਨਾਂ ਦੇ ਛੋਟੇ ਭਰਾ ਮੋਹਨ ਲਾਲ ਨੇ ਓਵਰਸੀਅਰੀ ਦਾ ਇਮਤਿਹਾਨ ਪਾਸ ਕਰ ਲਿਆ ਤਾਂ ਪੰਡਤ ਜੀ ਨੇ ਦਯਾਨੰਦ ਬ੍ਰਹਮਚਾਰੀ ਆਸ਼੍ਰਮ ਤੋਂ ਅਸਤੀਫਾ ਦੇ ਦਿੱਤਾ, ਅਤੇ ਇਕ ਸਾਥੀ ਦੇ ਨਾਲ 1909 'ਚ ਸਿਆਮ ਵਿਚ ਸਰਦਾਰ ਗਿਆਨ ਸਿੰਘ ਜੀ ਦੇ ਕੋਲ ਪਹੁੰਚ ਗਏ। ਜਿਨ੍ਹਾਂ ਦਾ ਸਾਥੀ ਤਾਂ ਉਥੋਂ ਦੇ ਹਾਲਾਤ ਦੇਖ ਕੇ ਉਦਾਸ ਹੋ ਗਿਆ, ਏਸ ਲਈ ਉਹ ਤਾਂ ਵਾਪਸ ਚਲਿਆ ਗਿਆ। ਆਜ਼ਾਦ ਸਿਆਮ 'ਚ ਕੋਈ ਕਾਇਦਾ-ਕਾਨੂੰਨ ਨਹੀਂ ਸੀ ਚੱਲਦਾ, ਹਰ ਪਾਸੇ ਚੋਰਾਂ ਤੇ ਡਾਕੂਆਂ ਦੇ ਅੱਡੇ ਸਨ। ਚਾਰੇ ਪਾਸੇ ਖਤਰਨਾਕ ਤੇ ਜ਼ਹਿਰੀ ਜਾਨਵਰ ਤੁਰੇ ਫਿਰਦੇ ਸਨ। ਹਰੇਕ ਪਾਸੇ ਖਤਰਾ ਸੀ। ਪਰ ਇਹ ਥਾਂ ਕਰਾਂਤੀਕਾਰੀਆਂ ਲਈ ਬਹੁਤ ਢੁਕਵੀ ਸੀ। ਸ਼੍ਰੀ ਸੋਹਨ ਲਾਲ ਤੇ ਉਹਨਾਂ ਦੇ ਸਾਥੀ ਸਰਦਾਰ ਗਿਆਨ ਸਿੰਘ ਜੀ ਤਾਂ ਇਹਨਾਂ ਖਤਰਿਆਂ ਨੂੰ ਮਨ-ਪਰਚਾਵੇ ਸਮਝਦੇ ਸਨ। ਸਿਆਮ ਦੀ ਰਾਜਧਾਨੀ ਬੈਂਕਾਕ 'ਚ ਪੰਜਾਬੀ ਬਹੁਤ ਸਨ, ਜਿਨ੍ਹਾਂ ਵਿਚ ਬਹੁਤੇ ਜ਼ਿਲ੍ਹਾ ਗੁੱਜਰਾਂਵਾਲਾ ਤੋਂ ਆਏ ਅਰੋੜਾ ਬਰਾਦਰੀ ਦੇ ਸਨ। ਸਿਆਮ ਪੈਦਾਵਾਰ ਤੇ ਖਾਨਾਂ ਕਰ ਕੇ ਅਮੀਰ ਤੇ ਨਵੇਂ ਵਸਾਏ ਇਲਾਕੇ ਦੇ ਤੌਰ 'ਤੇ ਬੜੀ ਚੰਗੀ ਥਾਂ ਸੀ। ਏਸ ਲਈ ਦੁਨੀਆਂ ਭਰ ਦੀਆਂ ਪੜ੍ਹੀਆਂ ਲਿਖੀਆਂ ਤੇ ਮਾਲਦਾਰ ਕੌਮਾਂ ਉਥੇ ਆਪਣੇ ਅੱਡੇ ਬਣਾ ਕੇ ਟਿਕੀਆਂ ਹੋਈਆਂ ਸਨ। ਭਾਵੇਂ ਸ਼੍ਰੀ ਸੋਹਨ ਲਾਲ ਜੀ ਨੂੰ ਦੇਸ ਭਗਤੀ ਦੀ ਭਾਵਨਾ ਅਰਾਮ ਨਾਲ ਟਿਕਣ ਨਹੀਂ ਸੀ ਦੇਂਦੀ, ਫੇਰ ਵੀ ਉਹ ਸਮਝਦੇ ਸਨ ਕਿ ਇਨਕਲਾਬ ਲਈ ਕਈ ਥਾਂਈਂ ਧਨ ਦੌਲਤ ਵੀ ਕੰਮ ਆਉਂਦੀ ਹੈ। ਵੈਸੇ ਏਥੇ ਕੁਝ ਚਿਰ ਰਹਿ ਕੇ ਪੰਡਿਤ ਸੋਹਨ ਲਾਲ ਆਪਣੇ ਵਾਅਦੇ ਦੇ ਅਨੁਸਾਰ ਆਪਣੇ ਛੋਟੇ ਭਰਾ ਦੇ ਵਿਆਹ 'ਚ ਸ਼ਾਮਲ ਹੋਣ ਲਈ ਪੱਟੀ ਆ ਗਏ ਸਨ। ਉਹਨਾਂ ਦੇ ਪਰਤਨੋਂ ਬਾਅਦ ਸਰਦਾਰ ਗਿਆਨ ਸਿੰਘ ਨੇ ਦੇਸ 'ਚ ਕਰਾਂਤੀ ਲਿਆਓਣ ਲਈ ਆਪਣੇ ਸਾਥੀਆਂ ਤੇ ਸੋਹਨ ਲਾਲ ਜੀ ਨਾਲ ਮਸ਼ਵਰਾ ਕੀਤਾ, ਕਿਉਂਕਿ ਦੇਸ ਭਗਤੀ ਦਾ ਜਨੂਨ ਉਹਨਾਂ ਸਾਰਿਆਂ ਨੂੰ ਟਿਕਣ ਨਹੀਂ ਸੀ ਦੇਂਦਾ।

**ਛੇ ਆਦਮੀਆਂ ਦੀ ਕੰਪਨੀ**

ਕੁੱਝ ਹੀ ਦਿਨਾਂ 'ਚ ਛੇ ਬੰਦਿਆਂ, ਸੋਹਨ ਲਾਲ ਜੀ, ਈਸ਼ਰ ਦਾਸ ਜੀ ਸੂਦ, ਗਿਆਨ ਚੰਦ ਜੀ ਕੌਲ, ਕਰਮ ਚੰਦ ਜੀ ਕੌਲ, ਸਰਦਾਰ ਕਰਤਾਰ ਸਿੰਘ ਜੀ ਸੰਧੂ ਤੇ ਸਰਦਾਰ ਗਿਆਨ ਸਿੰਘ ਜੀ ਇੱਕ ਸੋਚ ਦੇ ਛੇ ਬੰਦਿਆਂ ਦੀ ਕੰਪਨੀ ਦੀ ਰੂਪ-ਰੇਖਾ ਤਿਆਰ ਹੋ ਗਈ। ਉਹਨਾਂ ਕੋਲ ਕਿਰਾਏ ਵਗੈਰਾ ਲਈ ਜਿਹੜਾ ਰੁਪਿਆ ਧੇਲਾ ਸੀ, ਉਹ ਇਕ ਆਦਮੀ ਕੋਲ ਜਮ੍ਹਾ ਕਰਾ ਦਿੱਤਾ ਗਿਆ। ਉਹ ਅਜਿਹਾ ਮਕਾਰ ਨਿੱਕਲਿਆ ਕਿ ਸਾਰਾ ਰੁਪਿਆ ਲੈ ਕੇ ਭੱਜ ਗਿਆ। ਜਦ ਇਹ ਬੈਂਕਾਕ ਪਹੁੰਚੇ ਤਾਂ ਸਾਰਾ ਖਰਚਾ ਮੁੱਕ ਗਿਆ ਸੀ। ਸਰਦਾਰ ਗਿਆਨ ਸਿੰਘ ਜੀ ਆਪਣੇ ਕਿਸੇ ਵਾਕਫ ਤੋਂ ਕੁਝ ਰਕਮ ਲੈਣ ਲਈ ਬੰਡੌਂਗ ਦੀ ਬੰਦਰਗਾਹ ਚਲੇ ਗਏ। ਉਥੋਂ ਕੁਝ ਰਕਮ ਲੈ ਕੇ ਆਪਣੇ ਬਾਕੀ ਸਾਥੀਆਂ ਕੋਲ ਬੈਂਕਾਕ ਭੇਜ ਦਿੱਤੀ। ਪਰ ਰੁਪਏ ਦੇ ਪਹੁੰਚਣ ਤਕ ਉਹਨਾਂ ਸਾਥੀਆਂ ਨੂੰ ਬਹੁਤ ਕਸ਼ਟ ਸਹਿਣੇ ਪਏ। ਇਸ ਦੌਰਾਨ ਸਰਦਾਰ ਅਮਰ ਸਿੰਘ ਜੀ ਇੰਜਨੀਅਰ ਦੀ ਚਿੱਠੀ ਸਰਦਾਰ ਗਿਆਨ ਸਿੰਘ ਕੋਲ ਪੁੱਜ ਗਈ, ਜਿਸ ਵਿਚ ਲਿਖਿਆ ਸੀ ਕਿ ਮੈਂ ਸਮਝਦਾ ਹਾਂ ਕਿ ਤੁਸੀਂ ਸੂਝਵਾਨ ਹੋ, ਪਰ ਤੁਹਾਡੇ ਬਾਰੇ ਸੁਣਿਆ ਏ ਕਿ ਤੁਹਾਡੇ ਨਾਲ ਕੁਝ ਅਜਿਹੇ ਬੰਦੇ ਵੀ ਨੇ, ਜਿਹੜੇ ਦੇਸ ਤੋਂ ਨਵੇਂ ਆਏ ਨੇ ਤੇ ਉਹ ਮੁਸ਼ਕਲ 'ਚ ਨੇ, ਏਸ ਲਈ ਤੁਸੀਂ ਮਿਹਰਬਾਨੀ ਕਰ ਕੇ ਆਪਣੇ ਸਾਥੀਆਂ ਸਣੇ ਮੇਰੇ ਕੋਲ ਆ ਜਾਓ, ਤਾਂ ਜੋ ਮੈਂ ਤੁਹਾਡੀ ਸੇਵਾ ਕਰ ਸਕਾਂ। ਇਹ ਚਿੱਠੀ ਪੜ੍ਹ ਕੇ ਅਸੀਂ ਸਾਰੇ ਉਹਨਾਂ ਕੋਲ ਚਲੇ ਗਏ। ਉਥੇ ਸਿਆਮ ਰੇਲਵੇ ਲਾਈਨ ਨਿੱਕਲ ਰਹੀ ਸੀ। ਸਰਦਾਰ ਅਮਰ ਸਿੰਘ ਨੇ ਪੰਡਿਤ ਸੋਹਨ ਲਾਲ ਜੀ ਨੂੰ ਅੱਸੀ ਰੁਪਏ ਮਹੀਨਾ 'ਤੇ ਨੌਕਰ ਰੱਖ ਲਿਆ। ਤੇ ਹੋਰਾਂ ਨੂੰ ਵੀ ਘੱਟ ਵੱਧ ਤਨਖਾਹਾਂ 'ਤੇ ਰੱਖ ਲਿਆ।

ਕਿਉਂਕਿ ਸੋਹਨ ਲਾਲ ਜੀ ਸਮਝਦੇ ਸੀ ਕਿ ਇਹ ਦੇਸ ਸੱਭਿਅ ਨਹੀਂ ਹੈ, ਏਸ ਲਈ ਉਹਨਾਂ ਦਾ ਮਕਸਦ ਉਥੇ ਰਹਿ ਕੇ ਹੱਲ ਨਹੀਂ ਹੋਣ ਵਾਲਾ। ਇਹ ਸੋਚ ਕੇ ਪੰਡਤ ਜੀ ਉਦਾਸ ਰਹਿਣ ਲੱਗ ਪਏ। ਇਕ ਰਾਤ ਨੂੰ ਉਹਨਾਂ ਨੂੰ ਸੁਫਨਾ ਆਇਆ, ਜਿਸ ਵਿਚ ਭਗਵਾਨ ਕ੍ਰਿਸ਼ਣ ਦੇ ਦਰਸ਼ਨ ਹੋਏ। ਉਹਨਾਂ ਨੇ ਪੰਡਤ ਜੀ ਕਿਹਾ ਕਿ ਏਥੇ ਸਮਾਂ ਬਰਬਾਦ ਨਾ ਕਰੋ, ਤੁਸੀਂ ਅਮਰੀਕਾ ਵੱਲ ਚਲੇ ਜਾਓ। ਉਥੇ ਜ਼ਰੂਰ ਪਹੁੰਚ ਜਾਉਂਗੇ। ਬਸ, ਪਾਠਕ ਜੀ ਨੇ ਸਵੇਰ ਦੇ ਵੇਲੇ ਆਪਣੇ ਸਾਥੀਆਂ ਨੂੰ ਸਾਰਾ ਹਾਲ ਕਹਿ ਸੁਣਾਇਆ। ਉਹ ਸਿਰਫ ਇਕ ਸਾਥੀ ਤੇ ਈਸ਼ਰ ਦਾਸ ਜੀ ਸੂਦ ਦੇ ਨਾਲ ਉਥੋਂ ਤੁਰ ਪਏ। ਜਾਣ ਵੇਲੇ ਸਰਦਾਰ ਗਿਆਨ ਸਿੰਘ ਜੀ ਨੇ ਪੰਡਿਤ ਜੀ ਨੂੰ ਬਥੇਰਾ ਸਮਝਾਇਆ ਕਿ ਹਾਲੇ ਆਪਣੇ ਕੋਲ ਏਨੇ ਪੈਸੇ 'ਕੱਠੇ ਨਹੀਂ ਹੋਏ, ਪੈਸੇ ਹੱਥ ਆ ਜਾਣ, ਫੇਰ ਮੈਂ ਵੀ ਤੁਹਾਡੇ ਨਾਲ ਈ ਚੱਲਾਂਗਾ। ਪਰ ਪਾਠਕ ਜੀ ਨੇ ਉਹਦੀ ਇਕ ਨਾ ਮੰਨੀ। ਰਸਤੇ 'ਚ ਬੈਂਕਾਕ ਦੇ

ਸ਼ਹਿਰ 'ਚ ਲਾਲਾ ਈਸ਼ਰ ਦਾਸ ਜੀ ਨੂੰ ਹੈਜ਼ਾ ਹੋ ਗਿਆ ਤੇ ਉਹ ਸਵਰਗਵਾਸ ਹੋ ਗਏ। ਉਥੋਂ ਉਹ ਹਾਂਗ ਕਾਂਗ ਪਹੁੰਚੇ ਤੇ ਉਥੇ ਦੇ ਇਕ ਐਂਗਲੋ ਇੰਡੀਅਨ ਹਾਈ ਸਕੂਲ 'ਚ 40 ਡਾਲਰ, ਮਤਲਬ ਸੱਠ ਰੁਪਏ ਮਹੀਨਾ 'ਤੇ ਨੌਕਰੀ ਕਰ ਲਈ। ਹਾਂਗ ਕਾਂਗ ਦੀ ਨੌਕਰੀ ਛੱਡ ਕੇ ਪੰਡਿਤ ਜੀ ਮਨੀਲਾ ਪਹੁੰਚੇ, ਜਿਹੜਾ ਫਿਲਪਾਈਨ ਦੀ ਰਾਜਧਾਨੀ ਹੈ, ਤੇ ਉਥੇ ਪੰਡਿਤ ਰੁਲ਼ਾ ਰਾਮ ਜੀ ਸ਼ੋਰੀ ਵਾਸੀ ਪੱਟੀ ਦੇ ਘਰ ਠਹਿਰੇ ਸੀ। ਮਨੀਲਾ ਤੋਂ ਪਾਠਕ ਜੀ ਅਮਰੀਕਾ ਪਹੁੰਚ ਗਏ। ਓਸ ਸਮੇਂ 'ਚ ਸਾਰੇ ਭਾਰਤ 'ਚ ਕੋਈ ਵੀ ਦਵਾਈ ਬਨਾਓਣ ਦਾ ਹੁਨਰ ਨਹੀਂ ਜਾਣਦਾ ਸੀ। ਭਾਈ ਪਰਮਾਨੰਦ ਜੀ ਐੱਮ. ਏ. ਵੀ ਉਹਨਾਂ ਦਿਨਾਂ 'ਚ ਓਰੇਗੌਨ ਸਟੇਟ ਦੇ ਜ਼ਿਮੀਂਦਾਰਾ ਕਾਲਜ 'ਚ ਫਾਰਮੇਸੀ ਸਿੱਖਣ ਲਈ ਗਏ ਹੋਏ ਸਨ। ਪੰਜਾਬ ਦੇ ਸਨਮਾਨ ਲਾਲਾ ਹਰਦਿਆਲ ਵੀ ਓਸ ਵੇਲੇ ਅਮਰੀਕਾ ਵਿਚ ਈ ਸਨ।

1913 ਈ. 'ਚ ਅਮਰੀਕਾ ਵਿਚ ਹਿੰਦੋਸਤਾਨੀ ਦੇਸ-ਭਗਤਾਂ ਨੇ ਗ਼ਦਰ ਪਾਰਟੀ ਦੀ ਨੀਂਹ ਰੱਖੀ। ਲਾਲਾ ਹਰਦਿਆਲ ਜੀ ਇਹਦੇ ਸੈਕਟਰੀ ਥਾਪੇ ਗਏ ਤੇ ਬਾਬਾ ਸੋਹਨ ਸਿੰਘ ਜੀ ਭਕਨਾ ਪ੍ਰੈਜ਼ੀਡੈਂਟ। ਸਰਦਾਰ ਕੇਸਰ ਸਿੰਘ ਜੀ ਵਾਈਸ ਪ੍ਰੈਜ਼ੀਡੈਂਟ, ਪੰਡਿਤ ਜਗਤ ਰਾਮ ਜੀ ਹਰਿਆਣਵੀ (ਹਰਿਆਣਾ, ਜ਼ਿਲ੍ਹਾ ਹੁਸ਼ਿਆਰ ਪੁਰ ਦੇ ਵਾਸੀ) ਪ੍ਰਾਪੇਗੰਡਾ ਸੈਕਟਰੀ, ਪੰਡਿਤ ਕਾਂਸ਼ੀ ਰਾਮ ਜੀ ਖਜ਼ਾਨਚੀ ਤੇ ਸਰਦਾਰ ਕਰਤਾਰ ਸਿਘ ਸਰਾਭਾ 'ਗ਼ਦਰ' ਅਖ਼ਬਾਰ ਦੇ ਪ੍ਰੈਸ 'ਚ ਕੰਮ ਕਰਦੇ ਸਨ। ਗ਼ਦਰ ਪਾਰਟੀ ਦੇ ਬੁਲਾਵੇ 'ਤੇ ਪੰਡਿਤ ਸੋਹਨ ਲਾਲ ਆਪਣੀ ਪੜ੍ਹਾਈ ਛੱਡ ਕੇ ਫਰਾਂਸਿਸਕੋ ਚਲੇ ਗਏ।

ਅਗਸਤ 1914 ਈ. 'ਚ ਯੋਰਪ 'ਚ ਵੱਡੀ ਜੰਗ ਛਿੜ ਗਈ। ਉਹਨਾਂ ਦਿਨਾਂ 'ਚ ਬਰਮਾ 'ਚ ਬਗ਼ਾਵਤ ਕਰਨ ਲਈ ਸ਼੍ਰੀ ਸੋਹਨ ਲਾਲ ਜੀ ਦੀ ਅਗਵਾਈ 'ਚ ਵਰਕਰ ਭੇਜੇ ਗਏ। ਤੇ ਅੰਗਰੇਜ਼ਾਂ ਦੀ ਜਾਨ ਨੂੰ ਬਣੀ ਹੋਈ ਸੀ। ਗ਼ਦਰ ਪਾਰਟੀ ਵਾਲਿਆਂ ਨੇ ਏਸ ਨੂੰ ਚੰਗਾ ਮੌਕਾ ਜਾਣ ਕੇ ਆਪਣੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਏਸ ਮੌਕੇ 'ਤੇ ਹਿੰਦੋਸਤਾਨ ਅਤੇ ਬਰਮਾ ਜਾ ਕੇ ਆਮ ਜਨਤਾ ਤੇ ਫੌਜਾਂ ਵਿਚ ਬਗ਼ਾਵਤ ਦੀ ਅੱਗ ਭੜਕਾਓਣ। ਹਜ਼ਾਰਾਂ ਨੌਜਵਾਨ ਕੁਰਬਾਨੀ ਦੇਣ ਦੇ ਜਜ਼ਬੇ ਨਾਲ ਭਰੇ ਪਏ ਸਨ। ਉਹਨਾਂ ਨੂੰ ਜਹਾਜ਼ਾਂ ਵਿਚ ਤੇ ਸੜਕਾਂ ਰਾਹੀਂ ਹਿੰਦੋਸਤਾਨ 'ਚ ਭੇਜਣ ਦੀ ਕੋਸ਼ਿਸ਼ ਕੀਤੀ ਗਈ। ਅੰਗਰੇਜ਼ਾਂ ਦੀ ਸੀ.ਆਈ.ਡੀ. ਦੀ ਰਿਪੋਰਟ ਅਨੁਸਾਰ 8 ਜ਼ਾਰ ਲੋਕ ਬਗ਼ਾਵਤ ਭੜਕਾਓਣ ਤੇ ਫੈਲਾਓਣ ਲਈ ਹਿੰਦੋਸਤਾਨ 'ਚ ਦਾਖਲ ਹੋ ਚੁੱਕੇ ਸਨ। ਪਰ ਦੂਜੇ ਪਾਸੇ ਮੁਲਕ ਦੇ ਓਸ ਸਮੇਂ ਦੇ ਲੀਡਰ ਅੰਗਰੇਜ਼ਾਂ ਦੀ ਖਾਤਰ ਚੰਦੇ 'ਕੱਠੇ ਕਰਨ 'ਚ ਲੱਗੇ ਹੋਏ ਸਨ। ਜਿਸ ਦਾ ਨਤੀਜਾ ਇਹ ਹੋਇਆ ਕਿ ਬਗ਼ਾਵਤ ਨਾ ਹੋ ਸਕੀ ਅਤੇ ਦੇਸ ਭਗਤ ਗਰਿਫਤਾਰ ਹੋ ਕੇ ਕਾਲੇ ਪਾਣੀ ਤੇ ਫਾਂਸੀ ਦੀ ਭੇਂਟ ਚੜ੍ਹ ਗਏ। ਜਿਹੜੀ ਪਾਰਟੀ ਗ਼ਦਰ ਫੈਲਾਓਣ ਲਈ ਬਰਮਾ ਗਈ ਹੋਈ ਸੀ, ਉਹਦੇ ਲੀਡਰ ਸ਼੍ਰੀ ਸੋਹਨ ਲਾਲ ਪਾਠਕ ਥਾਪੇ ਗਏ ਸਨ। ਇਹ ਪਾਰਟੀ ਸਾਨ ਫਰਾਂਸਿਸਕੋ ਤੋਂ ਜਾਪਾਨ ਪਹੁੰਚੀ। ਤੇ ਉਥੋਂ ਹਾਂਕਾਂਗ ਹੁੰਦਿਆਂ ਬੈਂਕਾਕ ਜਾ ਪਹੁੰਚੀ। ਉਥੋਂ ਪੈਦਲ ਟੁਰ ਕੇ ਬਰਮਾ ਪਹੁੰਚੀ। ਰਸਤੇ 'ਚ ਜਰਮਨੀ ਆਦਿ ਤੋਂ ਲਏ ਹੋਏ ਹਥਿਆਰ ਮੌਕਾ ਦੇਖ ਕੇ ਜ਼ਮੀਨ ਵਿਚ ਦੱਬ ਦਿੱਤੇ। ਪਾਠਕ ਜੀ ਦੀ ਹਸਤੀ ਇਕ ਕੇਂਦਰੀ ਬਲ਼ਦੀ ਮਸ਼ਾਲ ਬਣ ਚੁੱਕੀ ਸੀ। ਉਹਨਾਂ ਦੀ ਖਾਤਰ ਲੋਕ ਜਾਨ ਕੁਰਬਾਨ ਕਰਨ ਨੂੰ ਤਿਆਰ ਸਨ। ਚੀਨ ਦੇ ਸੂਬਾ ਯੂਨਿਨ ਕਾਗੀ ਦਾ ਗਵਰਨਰ ਵੀ ਸਾਥ ਦੇ ਰਿਹਾ ਸੀ। ਜਰਮਨ ਕੌਂਸਲਰ ਵਗਰਾ ਵੀ ਹਥਿਆਰ, ਰੁਪਏ ਤੋਂ ਛੁੱਟ ਹਰ ਕਿਸਮ ਦਾ ਮਸ਼ਵਰਾ ਦੇਂਦੇ ਸਨ। ਸ਼੍ਰੀ ਸੋਹਨ ਲਾਲ ਭੇਸ ਬਦਲ ਕੇ ਸਿਆਮੀ, ਚੀਨੀ, ਮਲਾਈ ਤੇ ਬਰਮੀ ਕੱਪੜੇ ਆਪਣੀ ਲੋੜ ਅਨੁਸਾਰ ਪਹਿਨ ਕੇ ਭੇਸ ਬਦਲ ਕੇ ਚੱਕਰ ਲਾਉਂਦੇ ਰਹਿੰਦੇ ਸਨ। ਓਸ ਵੇਲੇ ਸੋਹਨ ਲਾਲ ਜੀ ਦੇ ਨਾਂ ਵਾਲੇ ਸੱਤਰ ਬੰਦਿਆਂ ਨੂੰ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਸੀ। ਸੋਹਨ ਲਾਲ ਜੀ ਰੁਪਿਆ, ਹਥਿਆਰ ਤੇ ਵਾਲੈਂਟਿਅਰ 'ਕੱਠੇ ਕਰਦੇ ਸੀ ਤੇ ਫੌਜਾਂ 'ਚ ਜਾ ਕੇ ਬਗ਼ਾਵਤ ਦਾ ਪ੍ਰਚਾਰ ਵੀ ਕਰਦੇ ਸਨ। ਪਾਰਟੀ ਦੇ ਮੈਂਬਰ ਬਨਾਓਣ ਲਈ ਵੀ ਉਹਨਾਂ ਦੇ ਤਰੀਕੇ ਨਿਰਾਲੇ ਸਨ। ਗ਼ਦਰ ਪਾਰਟੀ ਨੇ ਸਿੰਘਾਪੁਰ ਦੀ ਮਿਲਟਰੀ ਪੁਲਸ ਦੇ ਦੋ ਹਜ਼ਾਰ ਜਵਾਨਾਂ ਨੂੰ ਬਗਵਤ ਲਈ ਤਿਆਰ ਕਰ ਲਿਆ ਸੀ, ਤਦ ਨੂੰ ਅਫਸਰਾਂ ਨੂੰ ਪਤਾ ਲੱਗ ਗਿਆ। ਉਹਨਾਂ ਨੇ ਇਕ ਹਜ਼ਾਰ ਜਵਾਨ ਉਥੋਂ ਬਦਲ ਦਿੱਤੇ। ਫੇਰ ਵੀ ਬਾਕੀ ਇਕ ਹਜ਼ਾਰ ਜਵਾਨਾਂ ਨੇ ਬਗ਼ਾਵਤ ਕਰ ਦਿੱਤੀ। 14, 15, ਅਤੇ 16 ਮਾਰਚ 1915 ਈ. ਨੂੰ ਇਹ ਬਗ਼ਾਵਤ ਹੁੰਦੀ ਰਹੀ। ਅੰਗਰੇਜ਼ ਸਿੰਘਾਪੁਰ ਤੋਂ ਭੱਜ ਗਏ। ਚੌਦਾਂ ਦਿਨਾਂ ਤਕ ਬਾਗ਼ੀਆਂ ਦਾ ਸਿੰਘਾਪੁਰ 'ਤੇ ਰਾਜ ਰਿਹਾ।

### ਪਾਠਕ ਜੀ ਦੀ ਗ੍ਰਿਫ਼ਤਾਰੀ

ਏਸ ਵਿਚਲੇ ਸਮੇਂ 'ਚ ਅੰਗਰੇਜ਼ੀ ਸਰਕਾਰ ਨੇ ਸਿਆਮ, ਸਿੰਘਾਪੁਰ ਅਤੇ ਬਰਮਾ 'ਚ ਆਪਣੀ ਸੀ. ਆਈ. ਡੀ. ਅਤੇ ਦੂਜੀ ਪੁਲੀਸ ਫੋਰਸ ਬਹੁਤ ਵਧਾ ਲਈ ਸੀ, ਜਿਸ ਕਰਕੇ ਪਾਰਟੀ ਵਰਕਰ ਫੜੇ ਜਾਣ ਲੱਗੇ; ਨਤੀਜਾ ਇਹ ਨਿੱਕਲਿਆ ਕਿ ਗ਼ਦਰ ਪਾਰਟੀ ਕਮਜ਼ੋਰ ਹੁੰਦੀ ਗਈ। ਏਥੇ ਤਕ ਕਿ ਜਦ ਸੋਹਨ ਲਾਲ ਜੀ ਬਰਮਾ ਦੀ ਮੇਮੋ ਛਾਓਣੀ ਵਿਚ ਸਿਪਾਹੀਆਂ ਨੂੰ ਬਗ਼ਾਵਤ ਕਰਨ ਲਈ ਤਿਆਰ ਕਰ ਰਹੇ ਸਨ ਤੇ ਉਹਨਾਂ ਨੂੰ ਕੁਝ ਏਸ ਤਰ੍ਹਾਂ ਸਮਝਾ ਰਹੇ ਸਨ ਕਿ ਗੁਲਾਮੀ ਦੀ ਹਾਲਤ 'ਚ ਤੁਸੀਂ ਬੇਇੱਜ਼ਤ ਹੀ ਰਹੋਂਗੇ, ਜੇ ਤੁਸੀਂ ਅੰਗਰੇਜ਼ ਨੂੰ ਮਾਰ ਕੇ ਆਜ਼ਾਦੀ ਪ੍ਰਾਪਤ ਕਰ ਲਈ ਤਾਂ ਤੁਹਾਡੇ ਵਿਚੋਂ ਕਰਨੈਲ,

ਜਰਨੈਲ ਈ ਨਹੀਂ ਬਲਕਿ ਕਮਾਂਡਰ ਇਨ ਚੀਫ ਵੀ ਬਣ ਜਾਣਗੇ। ਇਹ ਗੱਲਾਂ ਕਰ ਕੇ ਜਦ ਉਹ ਮੁੜ ਰਹੇ ਸਨ ਤਾਂ ਇਕ ਹੌਲਦਾਰ ਤੇ ਦੋ ਸਿਪਾਹੀ ਪਾਠਕ ਜੀ ਨੂੰ ਚੰਬੜ ਗਏ। ਇਹ ਮਨਹੂਸ ਘਟਨਾ ਅਗਸਤ 1915 'ਚ ਹੋਣ ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਕਿਉਂਕਿ ਸੋਹਨ ਲਾਲ ਜੀ ਸ਼ਰੀਰਕ ਪੱਖੋਂ ਬੜੇ ਕਮਜ਼ੋਰ ਸਨ। ਭਲਾਂ ਇਕ ਮਣ ਭਾਰ ਵਾਲਾ ਬੰਦਾ ਕਿੰਨਾ ਕੁ ਤਕੜਾ ਹੋ ਸਕਦਾ ਹੈ? ਕਮਜ਼ੋਰੀ ਹੋਣ ਕਰ ਕੇ ਉਹ ਆਪਣੇ ਆਪ ਨੂੰ ਉਹਨਾਂ ਕੋਲੋਂ ਛੁਡਾ ਨਾ ਸਕੇ।

ਸੋਹਨ ਲਾਲ ਜੀ ਨੂੰ ਗਰਿਫਤਾਰ ਕਰ ਕੇ ਮਾਂਡਲੇ ਦੇ ਕਿਲ੍ਹੇ ਦੀ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਜੇਲ੍ਹ ਦੇ ਕਾਨੂਨ ਦੇ ਅਨੁਸਾਰ ਹਰ ਕੈਦੀ ਨੂੰ ਜੇਲ੍ਹ ਦੇ ਅਫਸਰਾਂ ਦੇ ਆਓਣ 'ਤੇ ਉਹਨਾਂ ਨੂੰ ਇਜ਼ੱਤ ਮਾਣ ਦੇਣ ਲਈ ਖੜ੍ਹਾ ਹੋਣਾ ਪੈਂਦਾ ਸੀ। ਪਰ ਉਹ ਕਹਿੰਦੇ ਸੀ ਕਿ ਜਦ ਮੈਂ ਅੰਗਰੇਜ਼ੀ ਸਰਕਾਰ ਨੂੰ ਮੰਨਦਾ ਹੀ ਨਹੀਂ ਤਾਂ ਉਹਦੇ ਕਾਨੂਨ ਨੂੰ ਕਿਉਂ ਮੰਨਾਂ। ਜਦ ਮੈਂ ਕਿਸੇ ਨੂੰ ਵੱਡਾ ਹੀ ਨਹੀਂ ਸਮਝਦਾ ਤਾਂ ਉਹਦੀ ਇੱਜ਼ਤ ਕਿਉਂ ਕਰਾਂ? ਏਸ ਲਈ ਉਹ ਕਿਸੇ ਦੇ ਆਓਣ 'ਤੇ ਖੜ੍ਹੇ ਨਹੀਂ ਹੁੰਦੇ ਸੀ। ਬਰਮਾ ਦੇ ਗਵਰਨਰ ਨੇ ਪਾਠਕ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ ਤਾਂ ਜੇਲ੍ਹ ਦੇ ਸੁਪਰਡੈਂਟ ਨੇ ਉਹਨਾਂ ਨੂੰ ਕਿਹਾ ਕਿ ਪਾਠਕ ਜੀ ਨੇ ਜੇਲ੍ਹ ਦਾ ਹਰ ਕਾਨੂਨ ਤੋੜਿਆ ਹੈ। ਏਸ ਲਈ ਉਹ ਤੁਹਾਡੇ ਆਓਣ 'ਤੇ ਉਹ ਇੱਜ਼ਤ ਮਾਣ ਲਈ ਖੜ੍ਹਾ ਨਹੀਂ ਹੋਵੇਗਾ, ਤੇ ਏਸ ਤਰ੍ਹਾਂ ਤੁਹਾਡੀ ਬੇਇੱਜ਼ਤੀ ਹੋਵੇਗੀ। ਪਰ ਓਸ ਨੇ ਉਹਨਾਂ ਨੂੰ ਇਹ ਵੀ ਦੱਸਿਆ ਕਿ ਪੰਡਿਤ ਜੀ ਦਾ ਇਹ ਵੀ ਤਰੀਕਾ ਹੈ ਕਿ ਜੇ ਕੋਈ ਖੜ੍ਹਾ ਹੋ ਕੇ ਗੱਲ ਕਰੇ ਤਾਂ ਉਹ ਵੀ ਖੜ੍ਹੇ ਹੋ ਕੇ ਗੱਲ ਕਰ ਸਕਦੇ ਨੇ। ਏਸ ਲਈ ਤੁਸੀਂ ਫਲਾਣੇ ਦਿਨ ਤੇ ਫਲਾਣੇ ਸਮੇਂ ਜੇਲ੍ਹ 'ਚ ਆ ਕੇ ਮਿਲੋ, ਪਹਿਲਾਂ ਜਦ ਮੈਂ ਜਾਵਾਂਗਾ ਤਾਂ ਉਹਨਾਂ ਨੇ ਨਾਲ ਖੜ੍ਹੇ ਖੜੋਤਿਆਂ ਈ ਗੱਲਾਂ ਕਰਨੀਆਂ ਸ਼ੁਰੂ ਦੇਣੀਆਂ ਨੇ ਤੇ ਪਾਠਕ ਜੀ ਵੀ ਖੜ੍ਹੇ ਹੋ ਕੇ ਜਵਾਬ ਦੇਂਦੇ ਰਹਿਣਗੇ। ਓਸੇ ਵੇਲੇ ਤੁਸੀਂ ਆ ਜਾਣਾ। ਖੈਰ, ਨਿਯਤ ਸਮੇਂ ਤੋਂ ਪਹਿਲਾਂ ਸੁਪਰਡੈਂਟ ਜੇਲ੍ਹ ਪੰਡਿਤ ਜੀ ਕੋਲ ਆਇਆ, ਤੇ ਖੜ੍ਹ ਕੇ ਹੀ ਉਹਨਾਂ ਨਾਲ ਗੱਲਾਂ ਕਰਨ ਲੱਗ ਪਿਆ। ਉਹਨੇ ਪਾਠਕ ਜੀ ਨੂੰ ਕਿਹਾ ਕਿ ਜੇਲ੍ਹ ਦਾ ਨਰੀਖਣ ਕਰਨ ਲਈ ਗਵਰਨਰ ਆਓਣ ਵਾਲੇ ਨੇ। ਜਦ ਉਹ ਆਓਣ ਤਾਂ ਤੁਸੀਂ ਸਾਡੀ ਤਾਂ ਇੱਜ਼ਤ ਮਾਣ ਨਹੀਂ ਕਰਦੇ, ਪਰ ਗਵਨਰ ਬਰਮਾ ਦੀ ਕਰਨੀ, ਉਹ ਆਓਣ ਹੀ ਵਾਲੇ ਨੇ। ਪਾਠਕ ਜੀ ਨੇ ਜਵਾਬ ਦਿੱਤਾ ਕਿ ਮੈਂ ਗਵਰਨਰ ਨੂੰ ਕੀ ਸਮਝਦਾ ਹਾਂ। ਮੈਂ ਉਹਨਾਂ ਦੀ ਇਜ਼ਤ ਮਾਣ ਲਈ ਖੜ੍ਹਾ ਨਹੀਂ ਹੋਵਾਂਗਾ। ਉਸੇ ਵੇਲੇ ਗਵਰਨਰ ਆ ਗਏ। ਗਵਰਨਰ ਖੜ੍ਹੇ-ਖੜ੍ਹੇ ਉਹਨਾਂ ਨਾਲ ਦੋ ਘੰਟੇ ਤਕ ਗੱਲਾਂ ਕਰਦੇ ਰਹੇ। ਗੱਲਾਂ ਕੁਝ ਅਜਿਹੀਆਂ ਕੀਤੀਆਂ ਹੋਣਗੀਆਂ ਕਿ ਤੁਸੀਂ ਬਗ਼ਾਵਤ ਕਿਉਂ ਫੈਲਾਉਂਦੇ ਹੋ? ਏਸ ਦਾ ਜਵਾਬ ਪੰਡਿਤ ਜੀ ਨੇ ਇਹ ਦਿੱਤਾ ਹੋਵੇਗਾ ਕਿ ਤੁਸੀਂ ਜ਼ੁਲਮ ਕਰਦੇ ਹੋ ਤਾਂ ਅਸੀਂ ਬਗ਼ਾਵਤ ਫੈਲਾਉਂਦੇ ਹਾਂ। ਆਖਰ 'ਚ ਗਵਰਨਰ ਨੇ ਕਿਹਾ ਕਿ ਜੇ ਤੁਸੀਂ ਮੁਆਫੀ ਮੰਗ ਲਓ ਤਾਂ ਮੈਂ ਆਪਣੇ ਹੱਥ ਨਾਲ ਤੁਹਾਡੀ ਫਾਂਸੀ ਦੀ ਸਜ਼ਾ ਰੱਦ ਕਰ ਸਕਦਾ ਹਾਂ। ਏਸ 'ਤੇ ਪੰਡਿਤ ਜੀ ਨੇ ਜਵਾਬ ਦਿੱਤਾ ਕਿ ਮੁਆਫੀ ਤੁਸੀਂ ਮੰਗੋ, ਮੈਂ ਕਿਉਂ ਮੰਗਾਂ? ਜ਼ੁਲਮ ਤੁਸੀਂ ਕਰੋਂ ਤੇ ਮੁਆਫੀ ਮੈਂ ਮੰਗਾਂ, ਇਹ ਕਿਵੇਂ ਹੋ ਸਕਦਾ ਹੈ? ਤਦ ਬਰਮਾ ਦੇ ਗਵਰਨਰ ਨਿਰਾਸ਼ ਹੋ ਕੇ ਚਲੇ ਗਏ। ਫਾਂਸੀ ਤੋਂ ਇਕ ਹਫਤਾ ਪਹਿਲਾਂ ਖਬਰ ਦੇ ਦਿੱਤੀ ਜਾਂਦੀ ਹੈ ਕਿ ਫਲਾਣੇ ਦਿਨ ਫਾਂਸੀ ਦੇ ਦਿੱਤੀ ਜਾਵੇਗੀ। ਆਮ ਤੌਰ 'ਤੇ ਉਸੇ ਦਿਨ ਤੋਂ, ਜਿਸ ਨੂੰ ਫਾਂਸੀ ਮਿਲਣੀ ਹੁੰਦੀ ਹੈ, ਉਹਦਾ ਭਾਰ ਘਟਨ ਲੱਗ ਪੈਂਦਾ ਹੈ। ਕਿਉਂਕਿ ਉਹਦਾ ਦਿਲ ਖਾਣ ਪੀਣ ਨੂੰ ਨਹੀਂ ਮੰਨਦਾ। ਪਰ ਆਮ ਹਾਲਤ ਦੇ ਉਲਟ ਫਾਂਸੀ ਦਾ ਹੁਕਮ ਸੁਨਣ ਦੇ ਬਾਅਦ ਪੰਡਿਤ ਜੀ ਦਾ ਭਾਰ ਵਧਣ ਲੱਗ ਪਿਆ ਸੀ, ਕਿਉਂਕਿ ਉਹਨਾਂ ਨੂੰ ਖੁਸ਼ੀ ਸੀ ਕਿ ਉਹਨਾਂ ਦੇ ਮਨ ਦੀ ਇੱਛਾ ਪੂਰੀ ਹੋ ਰਹੀ ਸੀ।

10 ਫਰਵਰੀ 1916 ਈ. ਦੀ ਸਵੇਰ ਦੇ ਛੇ ਵਜੇ ਫਾਂਸੀ ਦੇਣ ਦਾ ਸਮਾਂ ਸੀ। ਉਸ ਵੇਲੇ ਪਾਠਕ ਜੀ ਨੂੰ ਉਲਟੀ ਹੱਥਕੜੀ ਲਾ ਕੇ ਤੇ ਪੈਰਾਂ ਵਿਚ ਬੇੜੀਆਂ ਲਾ ਕੇ ਫਾਂਸੀ ਦੀ ਕੋਠੜੀ ਤੋਂ ਲਿਜਾ ਰਹੇ ਸਨ। ਆਪਣੀ ਫਾਂਸੀ ਦੀ ਕੋਠੜੀ ਵਿਚੋਂ ਨਿੱਕਲਦਿਆਂ ਉਹਨਾਂ ਨੇ ਉੱਚੀ ਅਵਾਜ਼ ਵਿਚ ਕਿਹਾ, "ਮੈਂ ਅੱਜ ਹੱਦੋਂ ਵੱਧ ਖੁਸ਼ ਹਾਂ। ਕਿਉਂਕਿ ਮੈਂ ਭਾਰਤ ਮਾਤਾ ਦੀ ਆਜ਼ਾਦੀ ਦੀ ਖਾਤਰ ਫਾਂਸੀ 'ਤੇ ਚੜ੍ਹਨ ਜਾ ਰਿਹਾ ਹਾਂ। ਏਸ ਤਰ੍ਹਾਂ ਜੇ ਹਜ਼ਾਰ ਵਾਰ ਵੀ ਫਾਸੀ 'ਤੇ ਲਟਕਾ ਦਿੱਤਾ ਜਾਵਾਂ ਤਾਂ ਵੀ ਭਾਰਤ ਮਾਤਾ ਦਾ ਕਰਜ਼ਾ ਆਪਣੇ ਸਿਰ ਤੋਂ ਉੱਤਰਿਆ ਨਹੀਂ ਮੰਨਾਂਗਾ। ਹਿੰਦ, ਮੇਰੀ ਮਾਤ੍ਰੀ ਭੂਮੀ ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਜਕੜੀ ਹੋਈ ਹੈ ਤੇ ਬੇਵੱਸ ਹੈ। ਉਹਦੇ ਤੇਤੀ ਕਰੋੜ ਬੱਚੇ ਆਪਣੀ ਇੱਜ਼ਤ ਤੇ ਸਨਮਾਨ ਗੁਵਾ ਬੈਠੇ ਨੇ। ਉਹਨਾਂ ਵਿਚ ਜਾਗ੍ਰਤੀ ਲਿਆਓਣ ਲਈ ਨੌਜਵਾਨਾਂ ਨੂੰ ਫਾਂਸੀ 'ਤੇ ਲਟਕਣਾ ਹੋਵੇਗਾ, ਤਾਂ ਜੋ ਦੇਸ ਵਾਸੀ ਸਮਝਣ ਕਿ ਜ਼ਾਲਮਾਂ ਵੱਲੋਂ ਦੇਸ ਭਗਤੀ ਤੇ ਦੇਸ-ਪ੍ਰੇਮ ਦੀ ਸਜ਼ਾ ਫਾਂਸੀ ਹੁੰਦੀ ਹੈ।"

ਫਾਂਸੀ ਦੇ ਦਿਨ ਮਾਂਡਲੇ ਸੈਂਟਰਲ ਜੇਲ੍ਹ ਦੇ ਆਲੇ ਦੁਆਲੇ ਫੌਜੀ ਪਹਿਰਾ ਲੱਗਿਆ ਹੋਇਆ ਸੀ। ਫਾਂਸੀ ਦੇਣ ਵਾਲੀ ਥਾਂ ਦੇ ਨੇੜੇ ਕਾਨੂਨ ਦੇ ਅਨੁਸਾਰ ਮੈਜਿਸਟ੍ਰੇਟ, ਡਾਕਟਰ, ਪਾਦਰੀ, ਜੱਲਾਦ, ਸੁਪਰਿਨਟੈਂਡੈਂਟ ਜੇਲ੍ਹ ਤੇ ਸੁਪਰਿਨਟੈਂਡੈਂਟ ਆਫ ਪੁਲੀਸ ਵਗੈਰਾ ਸਾਰੇ ਖੜ੍ਹੇ ਸਨ। ਪਰ ਸਾਰੇ ਹੈਰਾਨ ਸਨ ਕਿ ਫਾਂਸੀ ਦਾ ਹੁਕਮ ਕਿਉਂ ਨਹੀਂ ਹੁੰਦਾ। ਅੰਤ ਨੂੰ ਮੈਜਿਸਟਰੇਟ ਅੱਗੇ ਵਧਿਆ ਤੇ ਕਹਿਣ ਲੱਗਿਆ ਕਿ ਪਾਠਕ ਜੀ ਮੇਰੇ ਕੋਲ ਖਾਸ ਹੁਕਮ ਆਇਆ ਹੈ। ਜੇ ਤੁਸੀਂ ਜ਼ਬਾਨੀ ਹੀ ਮਾਫੀ ਮੰਗ ਲਉਂ ਤਾਂ ਫਾਂਸੀ ਦੀ ਸਜ਼ਾ ਰੱਦ ਹੋ ਸਕਦੀ ਹੈ। ਪਾਠਕ ਜੀ ਬੜੇ ਸ਼ਾਂਤ ਸੁਭਾਅ ਦੇ ਸਨ। ਪਰ ਜਦ ਉਹਨਾਂ ਨੇ ਮੈਜਿਸਟਰੇਟ ਦੇ ਮੂੰਹੋਂ

ਮੁਆਫੀ ਦਾ ਸ਼ਬਦ ਸੁਣਿਆ ਤਾਂ ਜਿਵੇਂ ਉਹਨਾਂ ਦੀਆਂ ਅੱਖਾਂ 'ਚ ਲਹੂ ਉੱਤਰ ਆਇਆ ਹੋਵੇ। ਉਹਨਾਂ ਨੇ ਕਿਹਾ ਕਿ ਉਏ ਗੁਸਤਾਖ ਅੰਗਰੇਜ਼ ਤੂੰ ਮੈਨੂੰ ਮੁਆਫੀ ਮੰਗਣ ਲਈ ਕਹਿੰਦਾ ਹੈਂ! ਮੈਂ ਕਦੇ ਵੀ ਮੁਆਫੀ ਨਹੀਂ ਮੰਗਾਂਗਾ। ਤਦ ਮੈਜਿਸਟਰੇਟ ਚੁੱਪ ਚਾਪ ਖੜ੍ਹਾ ਰਿਹਾ। ਮੈਜਿਸਟਰੇਟ ਨੇ ਦੁਬਾਰਾ ਕਿਹਾ ਕਿ ਕਿਉਂ ਐਵੇਂ ਜਾਨ ਗੰਵਾਉਂਦਾ ਹੈਂ, ਮੁਆਫੀ ਮੰਗਣ ਨਾਲ ਤੁਹਾਡਾ ਕੀ ਵਿਗੜ ਜਾਂਦਾ ਹੈ? ਤਦ ਪੰਡਿਤ ਜੀ ਨੇ ਜਵਾਬ ਦਿੱਤਾ ਕਿ ਚੰਗਾ, ਮੈਨੂੰ ਲਿਖ ਕੇ ਦੇ ਦਿਓ ਕਿ ਅਸੀਂ ਫੇਰ ਤੁਹਾਨੂੰ ਛੱਡ ਦਿਆਂਗੇ, ਤੇ ਫੇਰ ਤੁਸੀਂ ਆਪਣੀ ਮਰਜ਼ੀ ਨਾਲ ਜਿਥੇ ਵੀ ਚਾਹੋਗੇ, ਜਾ ਸਕੋਂਗੇ। ਤਦ ਮੈਂ ਤੁਹਾਡੀ ਗੱਲ 'ਤੇ ਵਿਚਾਰ ਕਰ ਸਕਦਾ ਹਾਂ। ਤਦ ਮੈਜਿਸਟਰੇਟ ਨੇ ਕਿਹਾ ਕਿ ਅਜਿਹਾ ਕੁਝ ਕਰਨਾ ਮੇਰੇ ਅਖਤਿਆਰ ਤੋਂ ਬਾਹਰ ਦੀ ਗੱਲ ਹੈ। ਏਸ 'ਤੇ ਪੰਡਿਤ ਜੀ ਨੇ ਜਵਾਬ ਦਿੱਤਾ ਕਿ ਚੰਗਾ ਛੇਤੀ ਕਰੋ। ਤੁਸੀਂ ਆਪਣਾ ਫਰਜ਼ ਪੂਰਾ ਕਰੋ ਤੇ ਮੈਨੂੰ ਆਪਣਾ ਕੰਮ ਕਰਨ ਦਿਓ। ਤੇ ਇਹ ਵੀ ਕਿਹਾ ਕਿ ਤੁਹਾਡੀ ਕਿਸਮਤ ਬਹੁਤ ਚੰਗੀ ਸੀ, ਜੇ ਮੈਂ ਇਕ ਹਫਤਾ ਹੋਰ ਗਰਿਫਤਾਰ ਨਾ ਹੁੰਦਾ ਤਾਂ ਦੱਸਦਾ ਕਿ ਮੈਂ ਕੀ ਕਰ ਸਕਦਾ ਸੀ। ਪਰ ਕੋਈ ਪਰਵਾਹ ਨਹੀਂ, ਜੇ ਏਸ ਜਨਮ 'ਚ ਸਫਲ ਨਹੀਂ ਹੋਇਆ ਤਾਂ ਕੀ ਹੋਇਆ, ਅਗਲਾ ਜਨਮ ਲੈ ਕੇ ਤੇ ਫੇਰ ਅਗਲੇਰਾ ਜਨਮ ਲੈ ਕੇ ਜਦ ਤਕ ਤੁਹਾਡੇ ਰਾਜ ਨੂੰ ਖਤਮ ਨਹੀਂ ਕਰਾਂਗਾ, ਤੁਹਾਡਾ ਪਿੱਛਾ ਨਹੀਂ ਛੱਡਾਂਗਾ। ਗਲ਼ 'ਚ ਰੱਸਾ ਪਾਇਆ ਗਿਆ, ਪੈਰਾਂ ਹੇਠੋਂ ਫੱਟਾ ਖਿੱਚ ਦਿੱਤਾ ਗਿਆ, ਤੇ ਸ਼ਹੀਦ-ਇ-ਆਜ਼ਮ ਅਮਰ ਹੋ ਗਏ।

ਫਾਂਸੀ ਦੇਣ ਤੋਂ ਪਹਿਲਾਂ ਫਾਂਸੀ ਚੜ੍ਹਨ ਵਾਲੇ ਤੋਂ ਉਹਦੀ ਇਕ ਆਖਰੀ ਇੱਛਾ ਪੂਰੀ ਕਰ ਦਿੱਤੀ ਜਾਂਦੀ ਹੈ। ਏਸ ਲਈ ਪੰਡਿਤ ਜੀ ਨੂੰ ਵੀ ਕਿਹਾ ਗਿਆ ਮਿ ਤੁਸੀਂ ਕੀ ਚਾਹੁੰਦੇ ਹੋ? ਪੰਡਿਤ ਜੀ ਨੇ ਜਵਾਬ ਦਿੱਤਾ ਕਿ ਫਾਂਸੀ ਦੇਣ ਦੇ ਬਾਅਦ ਮੇਰੀ ਲਾਸ਼ ਨੂੰ ਸਾੜ ਦਿੱਤਾ ਜਾਵੇ। ਪੰਡਿਤ ਜੀ ਨੂੰ ਇਹ ਖਾਸ ਇੱਛਾ ਏਸ ਲਈ ਕਰਨੀ ਪਈ ਕਿ ਬਰਮਾ 'ਚ ਬਰਮਾ 'ਚ ਫਾਂਸੀ ਪਾਓਣ ਵਾਲੇ ਦੀ ਲਾਸ਼ ਨੂੰ ਦੱਬਣ ਦਾ ਰਿਵਾਜ ਸੀ। ਏਸੇ ਲਈ ਪੰਡਿਤ ਜੀ ਨੂੰ ਇਹ ਇੱਛਾ ਦੱਸਣੀ ਪਈ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਈਮੇਲ: mjswaraich29@gmail.com
ਫੋਨ: 0172-2556314